# ਸੰਗਤਿ
## ਭਾਗ-11

ਰੱਬੀ ਕਾਇਨਾਤ ਦੇ ਦੋ 'ਮੰਡਲ' ਹਨ :—

1. 'ਬ੍ਰਹਮ-ਮੰਡਲ' ਅਥਵਾ ਆਤਮਿਕ ਮੰਡਲ

2. 'ਮਾਇਕੀ ਤ੍ਰੈ-ਗੁਣੀ ਮੰਡਲ'

ਇਹ ਦੋਨੋਂ ਮੰਡਲ ਕੋਈ ਅੱਡੋ-ਅੱਡ ਮਾਦੀ (physical) ਵਿਲੱਖਣ ਦੇਸ਼ ਟਾਪੂ ਯਾ ਸਿਤਾਰੇ (planets) ਨਹੀਂ ਹਨ ।

'ਬ੍ਰਹਮ-ਮੰਡਲ' ਦੀ ਹੋਂਦ—

ਸੱਚੀ

ਅਬਿਚਲ

ਅਪਾਰ

ਸੈਭੰ

ਪ੍ਰਕਾਸ਼-ਮਈ

ਰਹਿਸ-ਮਈ

ਪ੍ਰੇਮ-ਸਵੈਪਨਾ

ਪ੍ਰਿਮ-ਰਸ

'ਚੁਪ-ਪ੍ਰੀਤ'

ਸ਼ਾਂਤ ਰੂਪ

'ਸਹਿਜ'

ਬਿਸਮਾਦੀ

'ਅਨਹਦ' ਝੁਨਕਰ

ਵਾਲੀ ਹੈ ।

ਅਪਿਉ ਪੀਅਉ ਅਕਥੁ ਕਥਿ ਰਹੀਐ ॥
ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ (ਪੰਨਾ-227)

ਸਹਜ ਸਿਫਤਿ ਭਗਤਿ ਤਤੁ ਗਿਆਨਾ ॥
ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ ॥
ਅਨਭਉ ਨਗਰੁ ਤਹਾ ਸਦ ਵਸੈ ॥ (ਪੰਨਾ-237)

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1 ॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥1 ॥ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2 ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥3 ॥ (ਪੰਨਾ-345)

ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ ॥
ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥.....
ਸਾਂਤਿ ਸਹਜ ਸੁਖ ਕੇ ਸਭਿ ਹਾਟ ॥.....
ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥
ਅਬਿਚਲ ਨਗਰੀ ਨਾਨਕ ਦੇਵ ॥ (ਪੰਨਾ-430)

ਅਬਿਚਲ ਨਗਰੁ ਗੋਬਿੰਦ ਗੁਰੂ ਕਾ
ਨਾਮ ਜਪਤ ਸੁਖੁ ਪਾਇਆ ਰਾਮ ॥ (ਪੰਨਾ-783)

ਮਾਇਕੀ ਤ੍ਰੈ-ਗੁਣੀ ਮੰਡਲ :—

ਅਨੁਭਵੀ ਗਿਆਨ ਦੀ 'ਅਣਹੋਂਦ' ਅਥਵਾ ਅਗਿਆਨਤਾ ਦੇ ਭ੍ਰਮ-ਭੁਲਾਵੇ ਵਿਚੋਂ ਹੀ ਇਸ ਮਾਇਕੀ ਮੰਡਲ ਦੀ ਹੋਂਦ 'ਪ੍ਰਤੀਤ' ਹੁੰਦੀ ਹੈ ।

ਇਸ ਦੀ ਅਪਣੇ ਆਪ ਵਿਚ ਕੋਈ ਹਸਤੀ ਨਹੀਂ ਹੈ ।

ਦੂਜੇ ਲਫ਼ਜ਼ਾਂ ਵਿਚ ਮਾਇਕੀ ਮੰਡਲ ਦੀ 'ਹੋਂਦ' ਸਾਡੇ 'ਭਰਮ-ਭੁਲਾਵੇ' ਦੇ ਖਿਆਲਾਂ, ਵਲਵਲਿਆਂ, ਭਾਵਨਾਵਾਂ, ਨਿਸਚਿਆਂ ਉਤੇ ਨਿਰਭਰ ਹੈ ।

ਜਿਸ ਤਰ੍ਹਾਂ ਸੂਰਜ ਚੜ੍ਹਨ ਤੇ ਰਾਤ ਦਾ 'ਹਨੇਰਾ' ਆਪੂੰ ਅਲੋਪ ਹੋ ਜਾਂਦਾ ਹੈ ਉਸੇ ਤਰ੍ਹਾਂ ਸਾਡੇ ਅੰਤ੍ਰ-ਆਤਮੇ 'ਨਾਮ' ਦੇ ਪ੍ਰਕਾਸ਼ ਹੋਣ ਤੇ ਮਾਇਕੀ ਮੰਡਲ ਦੀ ਅਗਿਆਨਤਾ ਦਾ 'ਹਨੇਰਾ' ਭੀ ਆਪੂੰ ਅਲੋਪ ਹੋ ਜਾਂਦਾ ਹੈ ਅਤੇ ਆਤਮ-ਮੰਡਲ ਦਾ 'ਪ੍ਰਕਾਸ਼' ਹੀ ਰਹਿ ਜਾਂਦਾ ਹੈ ।

ਦੀਵਾ ਬਲੈ ਅੰਧੇਰਾ ਜਾਇ ॥
ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨ ਜਾਪੈ ਚੰਦੁ ॥
ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥ (ਪੰਨਾ-791)

ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ ਅੰਧਕਾਰ ਪ੍ਰਗਟੇ ਚਾਨਾਣੁ ॥
(ਪੰਨਾ-825)

ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥
(ਪੰਨਾ-849)

ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥ (ਪੰਨਾ-1123)

ਤ੍ਰੈ-ਗੁਣੀ ਮਾਇਕੀ ਮੰਡਲ ਦੇ 'ਵਡ-ਖੇਲ-ਤਮਾਸ਼ੇ' ਦਾ 'ਨਾਟਕ' ਚਲਾਉਣ ਲਈ 'ਹਉਮੈ' ਦਾ ਪ੍ਰਵੇਸ਼ ਕੀਤਾ ਗਿਆ, ਜਿਸ ਵਿਚੋਂ 'ਮਾਇਕੀ ਮੰਡਲ' ਦੀ ਸਾਜਨਾ ਹੋਈ । ਇਸ ਤ੍ਰੈ-ਗੁਣੀ ਭਰਮ-ਭੁਲਾਵੇ ਵਿਚ ਹੀ ਸਾਰੀ ਦੁਨੀਆਂ ਪ੍ਰਵਿਰਤ ਹੈ ਅਤੇ ਇਸ 'ਵਡ-ਖੇਲ-ਤਮਾਸ਼ੇ' ਵਿਚ ਪਲਚ-ਪਲਚ ਕੇ ਅਪਣੇ ਇਲਾਹੀ 'ਵਿਰਸੇ' ਅਥਵਾ 'ਸੋਮੇ' ਨੂੰ 'ਭੁਲ' ਬੈਠੀ ਹੈ ।

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥ (ਪੰਨਾ-999)

ਜਿਨ੍ਹੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥
ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥ (ਪੰਨਾ-420)

ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੈ
ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥ (ਪੰਨਾ-435)

ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥
(ਪੰਨਾ-487)

ਇਨਿ੍ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥ (ਪੰਨਾ-857)

ਏਹ ਮਾਇਆ ਜਿਤੁ ਹਰਿ ਵਿਸਰੈ
        ਮੋਹੁ ਉਪਜੈ ਭਾਉ ਦੂਜਾ ਲਾਇਆ ॥ (ਪੰਨਾ–921)

ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥ (ਪੰਨਾ–1099)

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥ (ਪੰਨਾ–1428)

ਇਹਨਾਂ ਦੋਹਾਂ ਮੰਡਲਾਂ ਦੇ ਵਾਸੀ ਅਥਵਾ 'ਜੀਵ' ਮੁੱਖ ਤੌਰ ਤੇ ਤਿੰਨਾਂ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ—

1. ਮਾਇਕੀ ਮੰਡਲ ਦੇ ਵਾਸੀ—ਇਹ ਹਉਮੈ ਦੇ ਭਰਮ-ਭੁਲਾਵੇ ਵਿਚ ਦੀਸਣਹਾਰ, ਭਰਮ-ਮਈ ਦੁਨੀਆਂ ਨੂੰ ਹੀ ਸੱਚੀ, ਅਸਲੀ ਤੇ ਪੂਰਨ ਸਮਝੀ ਬੈਠੇ ਹਨ ਅਤੇ ਇਸ ਵਿਚ ਹੀ ਗਲਤਾਨ ਹੋ ਕੇ ਪਲਚ-ਪਲਚ ਕੇ ਜੀਵਨ ਬਤੀਤ ਕਰਦੇ ਹਨ। ਇਹਨਾਂ ਨੂੰ ਹੋਰ ਕਿਸੇ ਉਚੇਰੇ, ਸੋਹਣੇਰੇ, ਸੁਖਦਾਈ ਦੈਵੀ ਮੰਡਲ ਦਾ ਗਿਆਨ ਹੀ ਨਹੀਂ। ਇਹ ਲੋਕ 'ਰੱਬ' ਦੀ ਹੋਂਦ ਤੋਂ ਭੀ ਇਨਕਾਰ ਕਰਦੇ ਹਨ।

ਐਸੇ ਮਾਇਕੀ ਭਰਮ-ਭੁਲਾਵੇ ਵਿਚ ਗਲਤਾਨ ਹੋਏ ਮਨੁੱਖਾਂ ਨੂੰ ਗੁਰਬਾਣੀ ਵਿਚ 'ਨਾਸਤਕ', 'ਮਨਮੁਖ' ਅਤੇ 'ਸਾਕਤ' ਕਿਹਾ ਗਿਆ ਹੈ।

ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥
(ਪੰਨਾ–13)

ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥ (ਪੰਨਾ–141)

ਸਾਕਤ ਕੀ ਐਸੀ ਹੈ ਰੀਤਿ ॥
ਜੋ ਕਿਛੁ ਕਰੈ ਸਗਲ ਬਿਪਰੀਤਿ ॥ (ਪੰਨਾ–195)

ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥
(ਪੰਨਾ–316)

ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥ (ਪੰਨਾ–565)

ਸਾਕਤ ਮੂੜ ਮਾਇਆ ਕੇ ਬਧਿਕ
        ਵਿਚਿ ਮਾਇਆ ਫਿਰਹਿ ਫਿਰੰਦੇ ॥ (ਪੰਨਾ–800)

ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥
ਸਾਕਤ ਕੀ ਬਿਧਿ ਨੈਨਹੁ ਡੀਠੀ ॥

ਕੂੜਿ ਕਪਟਿ ਅਹੰਕਾਰਿ ਰੀਝਾਨਾ ॥
ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥ (ਪੰਨਾ-892-93)

ਐਸੇ ਪ੍ਰਾਣੀ ਆਪਣੀ ਮਨੋਕਲਪਤ 'ਸਭਿਅਤਾ' ਦੇ ਦਾਇਰੇ ਦੇ ਅੰਦਰ ਹੀ ਆਪਸ ਵਿਚ ਮੇਲ-ਮਿਲਾਪ, ਬਿਉਹਾਰ, ਲੇਵਾ-ਦੇਵੀ, ਕਰਮ-ਕਾਂਡ ਦਾ ਵਰਤ-ਵਰਤਾਰਾ ਕਰਦੇ ਹਨ। ਇਕੱਠੇ ਹੋ ਕੇ ਇਹ ਲੋਕ—

ਸਭਾ (society)
ਸੰਮੇਲਨ (conference)
ਸਮਾਗਮ (seminar)
ਵਿਚਾਰ-ਗੋਸ਼ਟੀ (convention)

ਭੀ ਕਰਦੇ ਹਨ—ਜਿਨ੍ਹਾਂ ਨੂੰ ਉਹ 'ਸੰਗਤ' ਸਮਝਦੇ ਹਨ। ਵੇਖਣ, ਪੜ੍ਹਨ ਅਤੇ ਸੁਣਨ ਨੂੰ ਤਾਂ ਇਹ ਸੰਸਥਾਵਾਂ (organisations) ਬੜੀਆਂ ਸੁਭਾਇਮਾਨ ਅਤੇ ਪ੍ਰਭਾਵਸ਼ਾਲੀ ਜਾਪਦੀਆਂ ਹਨ—ਪਰ ਐਸੇ 'ਇਕੱਠ' ਯਾ 'ਸੰਗਤ' ਵਿਚ ਹਉਮੈ ਦਾ 'ਬੋਲਬਾਲਾ' ਤੇ ਵਰਤ-ਵਰਤਾਰਾ ਹੁੰਦਾ ਹੈ—ਜਿਸ ਕਾਰਣ, ਇਹਨਾਂ ਸੰਸਥਾਵਾਂ ਵਿਚ ਸਮਾਂ ਪਾ ਕੇ—

ਈਰਖਾ-ਦਵੈਤ
ਖਿੱਚੋਤਾਣ
ਖ਼ੁਦਗਰਜ਼ੀ
ਨਫ਼ਰਤ
ਤੁਅੱਸਬ
ਧੜੇ-ਬਾਜ਼ੀ
ਵੈਰ-ਵਿਰੋਧ
ਲੁਟ-ਖਸੁੱਟ
ਲੜਾਈਆਂ

ਆਦਿ ਊਜਾਂ ਅਥਵਾ 'ਕਲੰਕ' (scandals) ਉਘੜ ਆਉਂਦੇ ਹਨ।

ਕਿਉਂਕਿ ਇਹਨਾਂ ਸੰਸਥਾਵਾਂ, ਸਭਾ-ਸੁਸਾਇਟੀਆਂ ਅਥਵਾ 'ਸੰਗਤ' ਦੀ 'ਬੁਨਿਆਦ' ਹੀ 'ਕੂੜੀ ਹਉਮੈ' ਤੇ ਅਧਾਰਤ ਹੁੰਦੀ ਹੈ, ਇਸ ਲਈ ਸਭਾ- ਸੁਸਾਇਟੀਆਂ ਦੇ ਐਸੇ ਇਕੱਠ ਨੂੰ ਸੰਗਤ, 'ਸਤ ਸੰਗਤ' ਯਾ 'ਸਾਧ ਸੰਗਤ' ਨਹੀਂ ਕਿਹਾ ਜਾ ਸਕਦਾ।

ਅਸਲ ਵਿਚ ਇਹ 'ਕੁਸੰਗਤ' ਹੀ ਹੈ, ਜੋ ਸਾਡੀ ਹਉਮੈ ਨੂੰ ਪੱਠੇ ਪਾਉਂਦੀ ਹੈ ਤੇ 'ਰੱਬੀ' ਹਸਤੀ ਤੋਂ ਮੁਨਕਰ ਕਰਦੀ ਹੈ ।

ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥...
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥
ਮੋਖ ਮੁਕਤਿ ਕੀ ਸਾਰ ਨ ਜਾਣਾ ॥ (ਪੰਨਾ–466)

ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥ (ਪੰਨਾ–56●)

ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ ॥
ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥ (ਪੰਨਾ–592)

ਇਹ ਲੋਕ 'ਰੱਬ' ਨੂੰ ਖਿਆਲੀ 'ਹਊਆ' ਤੇ 'ਧਰਮ' ਨੂੰ 'ਮਾਨਸਿਕ ਅਫੀਮ' ਦੀ ਤੁਲਨਾ ਦੇਂਦੇ ਹਨ ਅਤੇ ਪਰਮਾਰਥ ਦਾ ਮਖੌਲ ਉਡਾਉਂਦੇ ਹਨ । ਖੂਹ ਦੇ ਡੱਡੂ ਵਾਂਗ, ਇਹਨਾਂ 'ਨਾਸਤਿਕਾਂ' ਦਾ ਦਿਲੋ–ਓ–ਦਿਮਾਗ, ਰੱਬੀ ਅਣਹੋਂਦ ਤੇ ਧਰਮ ਦੇ ਹਾਨੀਕਾਰਕ ਪੱਖ ਨੂੰ ਦਰਸਾਉਣ ਲਈ ਉਕਤੀਆਂ–ਜੁਗਤੀਆਂ ਦੀਆਂ ਕਲਾਬਾਜੀਆਂ ਨਾਲ ਢਕੌਂਸਲੇ ਘੜਦਾ ਰਹਿੰਦਾ ਹੈ । ਇਹ 'ਨਾਸਤਿਕਤਾ' ਦਾ ਖੁਲ੍ਹਾ ਪ੍ਰਚਾਰ ਕਰਦੇ ਹਨ ਜਿਸ ਦਾ ਆਮ ਜਨਤਾ ਉਤੇ ਹਾਨੀਕਾਰਕ ਅਸਰ ਬਹੁਤ ਛੇਤੀ ਹੁੰਦਾ ਹੈ ।

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥
ਬਾਤਨ ਹੀ ਅਸਮਾਨੁ ਗਿਰਾਵਹਿ ॥ (ਪੰਨਾ–332)

ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ ॥
(ਪੰਨਾ–528)

ਇਸੇ ਲਈ ਗੁਰਬਾਣੀ ਵਿਚ ਸਾਕਤਾਂ ਦੀ ਕੁਸੰਗਤ ਤੋਂ ਬਚਣ ਲਈ ਤਾੜਨਾ ਕੀਤੀ ਗਈ ਹੈ—

ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ
ਮਨ ਤਿਨ ਕੈ ਨਿਕਟਿ ਨ ਭਿਟੀਐ ॥ (ਪੰਨਾ–17●)

ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ ॥
ਜਿਸੁ ਮਿਲਿਐ ਹਰਿ ਵਿਸਰੈ ਪਿਆਰੇ
ਸੋ ਮੁਹਿ ਕਾਲੈ ਉਠਿ ਜਾਇ ॥ (ਪੰਨਾ–641)

ਸਾਕਤ ਸਿਉ ਮਨ ਮੇਲੁ ਨ ਕਰੀਅਹੁ

ਜਿਨਿ ਹਰਿ ਹਰਿ ਨਾਮੁ ਬਿਸਾਰੇ ॥ (ਪੰਨਾ–981)

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ (ਪੰਨਾ–1371)

2. ਆਤਮਿਕ ਮੰਡਲ ਦੇ ਵਾਸੀ :– ਬਖਸ਼ੇ ਹੋਏ ਗੁਰਮੁਖ ਪਿਆਰੇ ਜਿਨ੍ਹਾਂ ਦੇ ਅੰਤ੍ਰ–ਆਤਮੇ 'ਨਾਮ' ਦਾ ਪ੍ਰਕਾਸ਼ ਹੋ ਜਾਂਦਾ ਹੈ ਅਥਵਾ ਗੋਬਿੰਦ ਗੱਜ ਪੈਂਦਾ ਹੈ ।

ਇਹ 'ਸਤ–ਪੁਰਸ਼ ਸਦਾ 'ਨਾਮ' ਦੇ ਅਨੁਭਵੀ ਪ੍ਰਕਾਸ਼ ਵਿਚ ਇਲਾਹੀ ਪ੍ਰੇਮ–ਸਵੈਪਨਾ ਦਾ ਰੰਗ ਰਸ ਮਾਣਦੇ ਹਨ । ਇਹਨਾਂ ਗੁਰਮੁਖਾਂ, ਹਰਿਜਨਾਂ, ਸੰਤਾਂ–ਭਗਤਾਂ ਦੇ ਅਨੁਭਵ ਵਿਚ ਮਾਇਕੀ ਦੁਨੀਆਂ ਦੀ ਹੋਂਦ, ਭਰਮ–ਭੁਲਾਵਾ, ਅਸਥਿਰ ਜਾਂ ਕੂੜ ਭਾਸਦੀ ਹੈ । ਇਹਨਾਂ ਦੇ ਮਨ ਉਤੇ 'ਮਾਇਕੀ ਰੰਗਤ' ਦਾ ਅਸਰ ਹੀ ਨਹੀਂ ਹੁੰਦਾ ।

ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥
ਗੁਰ ਕੈ ਤਕੀਐ ਨਾਮਿ ਅਧਾਰੇ ॥ (ਪੰਨਾ–118)

ਉਆ ਰਸ ਮਹਿ ਉਆਹੂ ਸੁਖੁ ਪਾਇਆ ॥
ਨਾਨਕ ਲਿਪਤ ਨਹੀ ਤਿਹ ਮਾਇਆ ॥ (ਪੰਨਾ–259)

ਹਰਖ ਸੋਗ ਦੁਹਹੂੰ ਤੇ ਮੁਕਤੇ ॥
ਸਦਾ ਅਲਿਪਤੁ ਜੋਗ ਅਰੁ ਜੁਗਤੇ ॥
ਦੀਸਹਿ ਸਭ ਮਹਿ ਸਭ ਤੇ ਰਹਤੇ ॥
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥ (ਪੰਨਾ–181)

ਵਰਤਨਿ ਜਾ ਕੈ ਕੇਵਲ ਨਾਮ ॥
ਅਨਦ ਰੂਪ ਕੀਰਤਨੁ ਬਿਸ੍ਰਾਮ ॥
ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ॥
ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥ (ਪੰਨਾ–392)

ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ ॥
ਏਕੈ ਰੰਗਿ ਤਤ ਕੇ ਬੇਤੇ ਸਤਿਗੁਰ ਤੇ ਬੁਧਿ ਪਾਈ ॥ (ਪੰਨਾ–7●1)

ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥ (ਪੰਨਾ–857)

ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥ (ਪੰਨਾ–1●73)

ਪ੍ਰੇਮ ਭਗਤਿ ਗੁਨ ਗਾਵਨ ਗੀਧੇ ਪੋਹਤ ਨਹ ਸੰਸਾਰੁ ॥ (ਪੰਨਾ–1222)

ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ ॥

(ਪੰਨਾ-1344)

3. ਉਪਰਲੀਆਂ ਦੋਹਾਂ ਹਾਲਤਾਂ ਦੇ ਵਿਚਕਾਰ, ਕਈ 'ਦੁਚਿਤੇ' ਜੀਵ ਹੁੰਦੇ ਹਨ—ਜਿਨ੍ਹਾਂ ਨੂੰ ਕਿਸੇ ਪਾਸੇ ਭੀ ਪੱਕਾ ਨਿਸਚਾ, ਭਰੋਸਾ, ਸ਼ਰਧਾ ਨਹੀਂ ਹੁੰਦੀ । ਉਹਨਾਂ ਦਾ ਮਨ ਪਾਰੇ ਵਾਂਗ ਛੇਤੀ ਡੋਲ ਜਾਂਦਾ ਹੈ ।

ਅਸਲ ਵਿਚ ਇਹਨਾਂ ਦਾ ਮਨ ਤਾਂ ਪਿਛਲੇ ਸੰਸਕਾਰਾਂ ਅਨੁਸਾਰ ਮਾਇਆ ਵਿਚ ਹੀ ਖੁਭਿਆ ਹੁੰਦਾ ਹੈ । ਪਰ ਜਦ ਕਦੇ ਭੀ 'ਸੰਗਤ' ਦੁਆਰਾ ਇਹਨਾਂ ਦੇ ਮਨ ਨੂੰ ਆਤਮਿਕ ਹੁਲਾਰਾ ਆਉਂਦਾ ਹੈ ਤਾਂ ਉਹ ਭੀ, 'ਕੁੱਕੜ ਦੀ ਉਡਾਰੀ' ਵਾਂਗ ਖਿਨ-ਭੰਗਰ ਹੀ ਹੁੰਦਾ ਹੈ ਅਤੇ ਉਹ ਫਿਰ ਆਪਣੀ ਘੜੀ ਹੋਈ ਨੀਵੀਂ ਮਾਨਸਿਕ ਰੋੜ੍ਹ ਵਿਚ ਰੁੜ੍ਹ ਪੈਂਦੇ ਹਨ ।

ਇਹਨਾਂ ਦੀ 'ਪਰਮਾਰਥ' ਉਤੇ ਸ਼ਰਧਾ-ਭਾਵਨੀ ਭੀ—

ਸੁਆਰਥ ਲਈ<br>
ਗਰਜ਼ਾਂ ਦੀ ਪੂਰਤੀ ਲਈ<br>
ਦੁਖਾਂ ਤੋਂ ਛੁਟਕਾਰੇ ਲਈ<br>
ਬੀਮਾਰੀਆਂ ਦੇ ਇਲਾਜ ਲਈ<br>
ਤ੍ਰਿਸ਼ਨਾ ਦੀ ਪੂਰਤੀ ਲਈ<br>
ਪਾਪਾਂ ਨੂੰ ਛੁਪਾਉਣ ਲਈ<br>
ਜਮਾਂ ਤੋਂ ਬਚਣ ਲਈ<br>
ਲੋਕਾਂ ਵਿਚ ਵਾਹ-ਵਾਹ ਖੱਟਣ ਲਈ<br>
ਭਲੇ-ਭਲੇਰੇ ਬਣਨ ਲਈ<br>
ਧਾਰਮਿਕ ਆਗੂ ਬਣਨ ਲਈ<br>
ਅਖੌਤੀ ਭਗਤ ਬਣਨ

ਤਾਈਂ ਹੀ ਸੀਮਤ ਹੁੰਦੀ ਹੈ, ਜਿਸ ਲਈ ਉਹ ਕਈ ਕਿਸਮ ਦੇ—

ਟੂਣੇ<br>
ਜੰਤ੍ਰ-ਮੰਤ੍ਰ<br>
ਤਵੀਤ<br>
ਪਾਠ-ਪੂਜਾ<br>
ਦਾਨ<br>
ਨੇਕੀਆਂ

ਅਰਦਾਸਾਂ

ਸੁੱਖਣਾ

ਕੁਰਬਾਨੀਆਂ

ਕਰਮ-ਕ੍ਰਿਆ

ਹਠ

ਜੋਗ-ਸਾਧਨਾ

ਆਦਿ ਕਰਕੇ ਆਪਣੇ ਮਨ ਨੂੰ 'ਪਰਮਾਰਥੀ' ਹੋਣ ਦੀ ਝੂਠੀ 'ਤਸੱਲੀ' ਦੇਂਦੇ ਹਨ ।

ਦੂਜੇ ਲਫ਼ਜ਼ਾਂ ਵਿਚ ਇਹ ਲੋਕ 'ਪਰਮਾਤਮਾ' ਗੁਰੂਆਂ, ਅਵਤਾਰਾਂ, ਦੇਵੀ-ਦੇਵਤਿਆਂ ਨਾਲ ਅਣਜਾਣੇ ਹੀ 'ਸੌਦੇਬਾਜ਼ੀ' (bargaining) ਦਾ ਹੀ ਵਰਤ-ਵਰਤਾਰਾ ਕਰਦੇ ਹਨ ।

ਜੇ ਕਿਸੇ ਇਕ ਸਾਧ-ਸੰਤ-ਫਕੀਰ-ਅਉਲੀਏ ਦੀ ਅਰਾਧਨਾ ਨਾਲ ਉਹਨਾਂ ਦੀ ਗ਼ਰਜ਼ ਪੂਰੀ ਨਾ ਹੋਵੇ ਤਾਂ ਉਹ ਝੱਟ ਆਪਣਾ ਅਕੀਦਾ ਬਦਲ ਲੈਂਦੇ ਹਨ ਤੇ ਦੂਜੇ ਦੀ ਸੰਗਤ ਕਰਨ ਲਗ ਪੈਂਦੇ ਹਨ । ਇਸ ਤਰ੍ਹਾਂ ਇਹਨਾਂ ਨੇ 'ਰੱਬ' ਅਥਵਾ ਸਾਧਾਂ-ਸੰਤਾਂ ਨੂੰ ਪਰਮਾਰਥੀ 'ਦੁਕਾਨਦਾਰ' ਹੀ ਬਣਾ ਛੱਡਿਆ ਹੈ, ਜੇ ਇਕ ਹੱਟੀ ਤੇ ਸੌਦਾ ਨਾ ਮਿਲੇ ਤਾਂ ਦੂਜੀ ਤੇ ਜਾ ਵੜਦੇ ਹਨ ।

ਮਾਇਕੀ ਜੀਵਨ ਦੀਆਂ ਕਾਮਨਾਵਾਂ ਅਤੇ ਗ਼ਰਜ਼ਾਂ ਦੀ 'ਗਾਹਕੀ' ਨੂੰ ਪਛਾਣ ਕੇ ਅਨੇਕਾਂ ਅਖੌਤੀ ਗੁਰੂਆਂ, ਅਵਤਾਰਾਂ, ਸਾਧੂ-ਸੰਤਾਂ ਨੇ ਧਾਰਮਿਕ 'ਠਾਠ-ਬਾਠ' ਰਚਾਏ ਹੋਏ ਹਨ—ਜਿਨ੍ਹਾਂ ਵਿਚ ਮਾਨਸਿਕ, ਧਾਰਮਿਕ ਅਤੇ ਆਰਥਿਕ ਗਾਹਕਾਂ ਦੀ 'ਭੀੜ' ਲੱਗੀ ਰਹਿੰਦੀ ਹੈ ।

ਇਹਨਾਂ 'ਦੁਚਿਤਿਆਂ' ਦਾ ਮਨ ਤਾਂ ਮਾਇਆ ਵਿਚ ਗਲਤਾਨ ਹੁੰਦਾ ਹੈ, ਪਰ ਉਪਰੋਂ ਪਰਮਾਰਥ ਦਾ ਭੀ ਦਮ ਭਰਦੇ ਹਨ : ਇਸ ਤਰ੍ਹਾਂ ਇਹ ਲੋਕ ਪਾਠ-ਪੂਜਾ, ਕਰਮ-ਕ੍ਰਿਆ ਅਤੇ ਸੰਗਤ ਕਰਦੇ ਹੋਏ ਭੀ ਸੱਚੇ ਆਤਮਿਕ ਮਾਰਗ ਤੋਂ 'ਵਾਂਝੇ' ਰਹਿੰਦੇ ਹਨ । ਇਹਨਾਂ ਦਾ 'ਪਰਮਾਰਥ'—

ਆਪਣੇ ਆਪ ਨੂੰ ਧੋਖਾ ਦੇਣਾ ਹੈ
ਪਾਖੰਡ ਕਰਨਾ ਹੈ
ਲੋਕ ਦਿਖਾਵਾ ਹੈ
ਜੀਵਨ ਸੇਧ ਤੋਂ ਵਾਂਝੇ ਰਹਿਣਾ ਹੈ
ਜੀਵਨ ਅਜਾਈਂ ਗਵਾਉਣਾ ਹੈ
ਰੱਬ ਤੋਂ ਬੇਮੁਖ ਹੋਣਾ ਹੈ ।

ਦੁਖੀਆ ਦੁਸਟੁ ਦੁਬਾਜਰਾ ਤਾਮੇ ਰੰਗਹੁ ਕੈਹਾਂ ਹੋਵੈ ।
ਬਾਹਰੁ ਦਿਸੈ ਉਜਲਾ ਅੰਦਰਿ ਮਸੁ ਨ ਧੋਪੈ ਧੋਵੈ ।
ਸੰਨੀ ਜਾਣੁ ਲੁਹਾਰ ਦੀ ਹੋਇ ਦੁਮੂਹੀਂ ਕੁਸੰਗ ਵਿਗੋਵੈ ।
ਖਣੁ ਤਤੀ ਆਰਣਿ ਵੜੈ ਖਣੁ ਠੰਢੀ ਜਲੁ ਅੰਦਰਿ ਟੋਵੈ ।
ਤੁਮਾ ਦਿਸੇ ਸੋਹਣਾ ਚਿਤ੍ਰਮਿਤਾਲਾ ਵਿਸੁ ਵਿਲੋਵੈ ।

(ਵਾ. ਭਾ. ਗੁ. 33/11)

ਦੁਖੀਆ ਦੁਸਟੁ ਦੁਬਾਜਰਾ ਬਗੁਲ ਸਮਾਧਿ ਰਹੈ ਇਕ ਟੰਗਾ ।

(ਵਾ. ਭਾ. ਗੁ. 33/14)

ਇਸ ਲਈ ਨਾਸਤਿਕ ਲੋਕ, ਇਹਨਾਂ 'ਦੁਚਿਤੇ ਧਰਮੀਆਂ' ਨਾਲੋਂ, ਬੇਪਰਵਾਹ ਤੇ ਸੌਖੇ ਹਨ, ਕਿਉਂਕਿ ਉਹਨਾਂ ਨੂੰ 'ਰੱਬ' ਦਾ ਹਊਆ ਤੰਗ ਨਹੀਂ ਕਰਦਾ ਤੇ ਧਰਮ ਦੀਆਂ ਕੱਟੜ ਸਾਧਨਾਵਾਂ ਤੋਂ ਭੀ ਬਚੇ ਰਹਿੰਦੇ ਹਨ ।

ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ ॥
ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ ॥ (ਪੰਨਾ–1374)

ਇਹਨਾਂ 'ਅਖੌਤੀ' ਧਰਮੀਆਂ ਦੀ ਹਾਲਤ ਤਰਸਯੋਗ ਹੈ — ਕਿਉਂਕਿ ਕੱਟੜ ਧਾਰਮਿਕ ਹਠ ਸਾਧਨਾ ਲਈ ਜਫਰ ਜਾਲਦੇ ਹੋਏ ਭੀ ਉਹਨਾਂ ਦੀ ਆਤਮਿਕ ਤਰੱਕੀ ਨਹੀਂ ਹੁੰਦੀ ਅਤੇ ਧਾਰਮਿਕ 'ਹਊਏ' ਦੇ ਸਹਿਮ ਵਿਚ ਜਕੜੇ ਰਹਿੰਦੇ ਹਨ ।

ਦੁਨੀਆਂ ਵਿਚ ਐਸੇ 'ਦੁਚਿਤੇ' ਪਰਮਾਰਥੀਆਂ ਦੀ ਹੀ 'ਭਰਮਾਰ' ਹੈ । ਇਹਨਾਂ ਦਾ —

'ਨਾ ਇਧਰ ਕੇ ਰਹੇ, ਨਾ ਉਧਰ ਕੇ ਰਹੇ'
'ਦੁਬਿਧਾ ਮੇਂ ਦੋਨੋਂ ਗਏ ਮਾਇਆ ਮਿਲੀ ਨ ਰਾਮ'

ਵਾਲਾ ਹਾਲ ਹੁੰਦਾ ਹੈ ।

ਗੁਰਬਾਣੀ ਵਿਚ ਐਸੇ ਅਖੌਤੀ ਪਰਮਾਰਥੀਆਂ ਨੂੰ ਇਉਂ ਦਰਸਾਇਆ ਗਿਆ ਹੈ —

ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ (ਪੰਨਾ–19)

ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥ (ਪੰਨਾ–28)

ਅੰਤਰਿ ਕਪਟੁ ਭਗਉਤੀ ਕਹਾਏ ॥
ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥ (ਪੰਨਾ–88)

ਦੂਜੈ ਭਾਇ ਪੜੈ ਨਹੀ ਬੂਝੈ ॥
ਤ੍ਰਿਬਿਧਿ ਮਾਇਆ ਕਾਰਨਿ ਲੂਝੈ ॥...
ਇਹੁ ਮਨੁ ਚੰਚਲੁ ਵਸਿ ਨ ਆਵੈ ॥
ਦੁਬਿਧਾ ਲਾਗੈ ਦਹ ਦਿਸਿ ਧਾਵੈ ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥
(ਪੰਨਾ-127)

ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ ॥ (ਪੰਨਾ-634)

ਇਸ ਲਈ ਐਸੇ 'ਦੁਚਿਤੇ ਪਰਮਾਰਥੀਆਂ' ਅਥਵਾ ਦੁਬਿਧਾ ਵਾਲੇ ਇਨਸਾਨਾਂ ਦੀ ਸੰਗਤ ਨੂੰ 'ਸਤਸੰਗ' ਯਾ 'ਸਾਧ ਸੰਗਤ' ਨਹੀਂ ਕਿਹਾ ਜਾ ਸਕਦਾ—ਪਰ ਦੁਨੀਆਂ ਵਿਚ ਇਹੋ ਜਿਹੀ 'ਦੁਚਿਤੀ ਸੰਗਤ' ਦਾ ਹੀ ਬੋਲਬਾਲਾ ਤੇ ਵਰਤ-ਵਰਤਾਰਾ ਹੈ। ਜਿਸ ਕਾਰਣ ਸਾਡਾ ਮਾਨਸਿਕ ਅਤੇ ਪਰਮਾਰਥਕ ਜੀਵਨ ਨਿੱਘਰਦਾ ਜਾਂਦਾ ਹੈ।

ਦੁਖੀਆ ਦੁਸਟੁ ਦੁਬਾਜਰਾ ਜਾਣ ਰੁਪਈਆ ਮੇਖੀ ਸੋਈ ।
ਵਿਗੜੈ ਆਪਿ ਵਿਗਾੜੈ ਲੋਈ । (ਵਾ. ਭਾ. ਗੁ. 33/9)

ਕਈ ਸੱਜਣ ਸਤਸੰਗ ਵਿਚ ਜਾਂਦੇ ਤਾਂ ਹਨ ਪਰ ਉਹਨਾਂ ਦਾ ਮਨ ਦੂਜਿਆਂ ਦੇ ਅਉਗੁਣਾਂ ਦੀ 'ਪਰਖ' ਵਿਚ ਲੱਗਾ ਰਹਿੰਦਾ ਹੈ । ਉਹ ਹੋਰਨਾਂ ਸਤਸੰਗੀਆਂ ਦੇ ਕੱਪੜੇ, ਸ਼ਿੰਗਾਰ, ਬੈਠਣ-ਉਠਣ, ਹਰਕਤਾਂ ਅਤੇ ਬੋਲ-ਚਾਲ ਵਲ ਧਿਆਨ ਰੱਖਦੇ ਹਨ ਅਤੇ 'ਨੁਕਤਾਚੀਨੀ' ਹੀ ਕਰਦੇ ਰਹਿੰਦੇ ਹਨ ਤੇ ਲੋਕਾਂ ਤੇ ਫਤਵੇ ਲਾਉਣ ਲਈ ਤਤਪਰ ਰਹਿੰਦੇ ਹਨ । ਇਸ ਤਰ੍ਹਾਂ ਸੰਗਤ ਵਿਚ ਲੋਕਾਂ ਦੇ 'ਅਉਗੁਣ' ਲੱਭਣੇ ਤੇ 'ਛਿਦਰ ਫੋਲਣੇ' ਉਹਨਾਂ ਦਾ ਕਰਤਵ ਤੇ ਸ਼ੁਗਲ ਬਣ ਜਾਂਦਾ ਹੈ ।

ਐਸੇ ਲੋਕ ਸਤਸੰਗ ਵਿਚ ਆਤਮਿਕ ਲਾਹਾ ਲੈਣ ਦੀ ਬਜਾਇ ਆਪਣੇ 'ਆਪੇ' ਅਥਵਾ 'ਆਤਮਾ' ਨੂੰ ਹੋਰ ਮਲੀਨ ਕਰੀ ਜਾਂਦੇ ਹਨ ਅਤੇ 'ਰੱਬ' ਤੋਂ ਹੋਰ ਦੁਰੇਡੇ ਜਾ ਰਹੇ ਅਤੇ ਆਪਣਾ 'ਜੀਵਨ' ਅਜਾਈਂ ਗਵਾ ਰਹੇ ਹਨ ।

ਕਈ ਸੱਜਣ 'ਸਤਸੰਗਿ' ਵਿਚ ਆਪਣੇ ਦਿਮਾਗੀ ਗਿਆਨ ਦੇ ਸਿੰਗ ਤਿੱਖੇ ਕਰਨ ਆਉਂਦੇ ਹਨ—ਤਾਂ ਕਿ ਉਹ ਆਪਣੇ ਵਰਗੇ ਕਿਸੇ ਹੋਰ ਦਿਮਾਗੀ ਘੁਲਾਟੀਏ ਨੂੰ ਵੰਗਾਰ ਸਕਣ ਤੇ 'ਵਾਲ ਕੀ ਖਾਲ' ਉਤਾਰਨ ਦੇ ਖੇਤਰ ਵਿਚ ਜਿੱਤ ਹਾਸਲ ਕਰਨ ਕਰਕੇ 'ਵਾਹ-ਵਾਹ' ਦੀ ਡਿਗਰੀ ਹਾਸਲ ਕਰਨ ।

'ਸੰਗਤ' ਵਿਚ ਮਾੜਾ-ਮੋਟਾ, ਅਧੂਰਾ-ਫੋਕਾ ਗਿਆਨ ਹਾਸਲ ਕਰਕੇ ਆਪਣੀਆਂ ਦਿਮਾਗੀ ਕਲਾਸਾਂ ਲਾਉਣਾ ਸ਼ੁਰੂ ਕਰ ਦਿੰਦੇ ਹਨ ਤੇ ਭੋਲੀਆਂ-ਭਾਲੀਆਂ ਸੰਗਤਾਂ ਨੂੰ ਮਗਰ

ਲਾ ਕੇ 'ਗੁਰੂ-ਡਮ' ਦੀ ਰਚਨਾ ਕਰਦੇ ਹਨ । ਇਸ ਤਰ੍ਹਾਂ 'ਕਲਾਸਾਂ' ਲਾਉਣ ਨਾਲ ਉਹਨਾਂ ਨੂੰ 'ਵਾਹ-ਵਾਹ' ਦੀ ਵਡਿਆਈ ਮਿਲਦੀ ਹੈ ਤੇ ਹਉਮੈ ਨੂੰ ਪੱਠੇ ਪੈਂਦੇ ਹਨ । ਐਸੇ ਅਖੌਤੀ ਗਿਆਨੀ ਸੰਗਤ ਵਿਚੋਂ ਸੱਚਾ-ਸੁੱਚਾ ਆਤਮਿਕ ਲਾਹਾ ਨਹੀਂ ਲੈ ਸਕਦੇ ।

ਕਈ ਥਾਈਂ ਦੇਖਿਆ ਗਿਆ ਹੈ ਕਿ ਕਈ ਸਤਸੰਗੀ ਗੁਰਦੁਆਰੇ ਜਾ ਕੇ ਦਰਬਾਰ ਸਾਹਿਬ ਦੇ ਅੰਦਰ ਕੀਰਤਨ-ਕਥਾ ਸੁਣਨ ਦੀ ਬਜਾਇ ਬਾਹਰ ਹੀ ਟੋਲਿਆਂ ਵਿਚ 'ਗੱਪ-ਸ਼ਪ' ਕਰਦੇ ਰਹਿੰਦੇ ਹਨ । ਗੁਰਦੁਆਰੇ ਦੇ ਅੰਦਰ ਜਾ ਕੇ ਦਰਬਾਰ ਸਾਹਿਬ ਦੀ ਹਜ਼ੂਰੀ ਵਿਚ ਲਾਹਾ ਨਹੀਂ ਲੈਂਦੇ । ਇਹਨਾਂ ਨੇ ਗੁਰਦੁਆਰੇ ਨੂੰ social club ਹੀ ਸਮਝਿਆ ਹੋਇਆ ਹੈ ।

ਕਈ ਗੁਰਦੁਆਰਿਆਂ ਵਿਚ ਪਾਠ ਯਾ ਕੀਰਤਨ ਹੁੰਦਾ ਹੋਵੇਗਾ — ਪਰ ਦੂਜੇ ਪਾਸੇ ਕੁਝ "ਟੋਲਿਆਂ" ਨੂੰ ਖੂੰਜਿਆਂ ਵਿਚ ਬੈਠ ਕੇ 'ਪਾਰਟੀ-ਬਾਜ਼ੀ' ਦੀ ਚਰਚਾ ਕਰਦਿਆਂ ਦੇਖਿਆ ਗਿਆ ਹੈ । ਇਹ 'ਸਤਸੰਗ' ਦੀ 'ਹੱਤਕ' ਹੈ ਅਤੇ 'ਸਤਸੰਗ' ਦੇ ਮਾਹੌਲ ਵਿਚ ਵਿਘਨ ਪਾਉਂਦੇ ਹਨ । ਇਹ ਸਤਸੰਗਤ ਤੋਂ ਲਾਹਾ ਲੈਣ ਦੀ ਬਜਾਇ ਉਲਟਾ ਪਾਪ ਕਮਾਉਂਦੇ ਹਨ ।

ਚਲਦਾ............